

## i.am
## ਉਮੀਦ ਦੇ ਬਾਰੇ ਹੈ

i.am (ਜਿਸ ਨੂੰ ਯੂਥ ਆਫਟਰ ਕੇਅਰ ਪਾਇਲਟ ਜਾਂ YAP ਵਜੋਂ ਵੀ ਜਾਣਿਆ ਜਾਂਦਾ ਹੈ) ਆਤਮਹੱਤਿਆ ਦਾ ਸਾਹਮਣਾ ਕਰ ਰਹੇ ਬੱਚਿਆਂ ਅਤੇ ਜਵਾਨ ਲੋਕਾਂ ਵਾਸਤੇ ਇਕ ਮਨੋ-ਸਮਾਜਕ ਸਹਾਇਤਾ ਸੇਵਾ ਹੈ।

ਸਿਹਤ ਮੰਤਰਾਲੇ ਵੱਲੋਂ ਮਾਲੀ ਸਹਾਇਤਾ ਪ੍ਰਾਪਤ, i.am ਦਾ ਟੀਚਾ ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਭਾਈਚਾਰਾ-ਆਧਾਰਿਤ ਸੇਵਾਵਾਂ ਦੀ ਅਦਾਇਗੀ ਕਰਨਾ ਹੈ।

i.am ਨੂੰ ਨੌਜਵਾਨਾਂ ਦੁਆਰਾ, ਨੌਜਵਾਨਾਂ ਲਈ ਰਲ-ਮਿਲ ਕੇ ਤਿਆਰ ਕੀਤਾ ਗਿਆ ਹੈ।

ਇਸ ਕਰਕੇ ਜੋ ਸਹਾਇਤਾ ਉਹਨਾਂ ਨੂੰ ਮਿਲਦੀ ਹੈ, ਉਹ ਉਹਨਾਂ ਦੀ ਮੁੜ-ਸਿਹਤਯਾਬੀ ਅਤੇ ਭਵਿੱਖ ਵਾਸਤੇ ਉਹਨਾਂ ਦੀਆਂ ਉਮੀਦਾਂ ਵਾਸਤੇ ਵਿਲੱਖਣ ਹੁੰਦੀ ਹੈ ।

## ਸਹਾਇਤਾ ਲਾਈਨਾਂ

ਮਾਨਸਿਕ ਸਿਹਤ ਪਹੁੰਚ ਲਾਈਨ
1800 011 511
ਬਿਓਂਡ ਬਲਿਊ
1300 22 4636
ਬੱਚਿਆਂ ਲਈ ਸਹਾਇਤਾ ਲਾਈਨ (ਕਿਡਜ਼ ਲਾਈਨ)
1800 55 1800
ਲਾਈਫ਼ਲਾਈਨ
13 11 14
**QLife**
1800 184 527
**SANE** ਆਸਟ੍ਰੇਲੀਆ
1800 187 263
ਆਤਮਘਾਤ ਕਾਲ ਬੈਕ ਸੇਵਾ
1300 659 467
ਸੰਕਟਕਾਲੀਨ ਸੇਵਾਵਾਂ
000

ਕਿਸੇ ਸੰਕਟਕਾਲ ਦੇ ਸਮੇਂ, ਜਾਂ ਆਪਣੇ ਆਪ ਨੂੰ ਜਾਂ ਹੋਰਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਤੁਰੰਤ ਖਤਰੇ ਦੀ ਸੂਰਤ ਵਿੱਚ, ਕਿਰਪਾ ਕਰਕੇ ਸੰਕਟਕਾਲੀਨ ਸੇਵਾਵਾਂ ਨਾਲ 000 'ਤੇ ਸੰਪਰਕ ਕਰੋ ਜਾਂ ਫਿਰ ਆਪਣੇ ਆਪ ਨੂੰ ਸਥਾਨਕ ਸੰਕਟਕਾਲੀਨ ਵਿਭਾਗ ਵਿੱਚ ਲੈ ਕੇ ਜਾਓ।

**i.am ਨਾਲ ਜੁੜੋ**

**1300 426 4373 (1300 IAM HERE)**

**iam@newhorizons.org.au**

**iam.liveshere.org.au**

# i.am

# ਮਨੁੱਖੀ ਗੁੰਝਲਦਾਰ ਪਰਮਾਣਤ ਸੁਰੱਖਿਅਤ ਮੇਰੇ ਲਈ





## i.am ਇਹਨਾਂ ਲਈ ਹੈ

25 ਸਾਲਾਂ ਤੱਕ ਦੀ ਉਮਰ ਦਾ ਕੋਈ ਵੀ ਵਿਅਕਤੀ, ਜਿਸ ਨੇ ਹਾਲੀਆ ਸਮੇਂ ਵਿੱਚ ਆਤਮਹੱਤਿਆ ਦੀ ਕੋਸ਼ਿਸ਼ ਕੀਤੀ ਸੀ ਜਾਂ ਜਿੰਨ੍ਹਾਂ ਨੂੰ ਆਤਮਹੱਤਿਆ ਦੀ ਕੋਸ਼ਿਸ਼ ਕਰਨ ਦਾ ਵਧੇਰੇ ਖਤਰਾ ਹੈ।

ਇਹ ਸੇਵਾ ਪੱਛਮੀ ਸਿਡਨੀ ਦੇ ਬਲੈਕਟਾਊਨ ਜਾਂ ਮਾਊਂਟ ਡਰੂਇਟ ਖੇਤਰਾਂ, ਮਿਡ ਨੌਰਥ ਕੋਸਟ NSW ਦੇ ਕੌਫਜ਼ ਹਾਰਬਰ ਜਾਂ ਨੰਬੂਕਾ ਖੇਤਰਾਂ, ਹੰਟਰ ਨਿਊ ਇੰਗਲੈਂਡ ਦੇ ਟੈਮਵਰਥ ਖੇਤਰਾਂ, ਜਾਂ ਦੱਖਣ-ਪੱਛਮੀ ਸਿਡਨੀ ਵਿੱਚ ਬੈਂਕਸਟਾਊਨ ਵਿੱਚ ਰਹਿ ਰਹੇ ਬੱਚਿਆਂ ਅਤੇ ਨੌਜਵਾਨ ਲੋਕਾਂ ਵਾਸਤੇ ਉਪਲਬਧ ਹੈ।

## i.am ਇਕ ਸੇਵਾ ਹੈ

ਖਾਸ ਕਰਕੇ, ਇਕ ਮਨੋ-ਸਮਾਜਕ ਸਹਾਇਤਾ ਸੇਵਾ ਜੋ ਹਰੇਕ ਬੱਚੇ ਜਾਂ ਜਵਾਨ ਵਿਅਕਤੀ ਵਾਸਤੇ ਵਿਅਕਤੀਗਤ ਤੌਰ 'ਤੇ ਵਿਉਂਤੀ ਹੋਈ ਪਹੁੰਚ ਪ੍ਰਦਾਨ ਕਰਵਾਉਂਦੀ ਹੈ।

ਸਾਡਾ ਸਹਿਯੋਗ ਹਰ ਕਿਸੇ ਵਾਸਤੇ ਇੱਕੋ ਜਿਹਾ ਨਹੀਂ ਹੁੰਦਾ!

ਅਸੀਂ ਘਰ, ਸਥਾਨਕ ਪਾਰਕ, ਕੈਫੇ ਵਿੱਚ, ਇੱਥੋਂ ਤੱਕ ਕਿ ਖਰੀਦਦਾਰੀ ਵਿੱਚ ਵੀ ਸਹਾਇਤਾ ਪ੍ਰਦਾਨ ਕਰਵਾ ਸਕਦੇ ਹਾਂ।

ਇਕ ਸੇਵਾ ਵਜੋਂ, ਅਸੀਂ ਉਹਨਾਂ ਵੱਲੋਂ ਤੈਅ ਕੀਤੇ ਟੀਚਿਆਂ, ਉਹਨਾਂ ਦੇ ਤਰੀਕਿਆਂ ਨਾਲ ਹਾਸਲ ਕਰਨ ਲਈ ਸਖਤ ਮਿਹਨਤ ਕਰਦੇ ਹਾਂ।

## i.am
## ਹਵਾਲਾ (ਰੈਫਰਲ) ਆਧਾਰਿਤ ਸੇਵਾ ਹੈ

ਕੋਈ ਵੀ i.am ਸੇਵਾ ਲਈ ਹਵਾਲਾ ਦੇ ਸਕਦਾ ਹੈ।

ਜਿਸ ਨੌਜਵਾਨ ਵਿਅਕਤੀ ਦੀ ਤੁਸੀਂ ਗੱਲ ਕਰ ਰਹੇ ਹੋ, ਉਹ ਲਾਜ਼ਮੀ ਤੌਰ 'ਤੇ 25 ਸਾਲ ਤੋਂ ਘੱਟ ਉਮਰ ਦਾ ਹੋਣਾ ਚਾਹੀਦਾ ਹੈ ਅਤੇ ਪੱਛਮੀ ਸਿਡਨੀ, ਦੱਖਣ-ਪੱਛਮੀ ਸਿਡਨੀ, ਮਿਡ ਨੌਰਥ ਕੋਸਟ ਜਾਂ ਟੈਮਵਰਥ ਖੇਤਰਾਂ ਵਿੱਚ ਰਹਿ ਰਿਹਾ ਹੋਣਾ ਚਾਹੀਦਾ ਹੈ।

ਉਹ ਲੋਕ ਜੋ ਹਵਾਲਾ ਦੇ ਸਕਦੇ ਹਨ:

- ਡਾਕਟਰ (GPs)
- ਹਸਪਤਾਲ
- ਦੋਸਤ
- ਪਰਿਵਾਰ
- ਸਹਾਇਤਾ ਦੀ ਲੋੜ ਵਾਲਾ ਵਿਅਕਤੀ
- ਸਕੂਲ
- ਯੁਵਕ ਸੇਵਾਵਾਂ
- ਕੋਈ ਵੀ!



## i.am
## ਨੂੰ ਸੌਖਾ ਰੱਖਿਆ ਜਾਂਦਾ ਹੈ

ਅਸੀਂ ਆਪਣੀ ਹਵਾਲਾ ਪ੍ਰਕਿਰਿਆ ਨੂੰ ਜਿੰਨਾ ਸੰਭਵ ਹੋ ਸਕੇ ਸੌਖਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਤੁਸੀਂ ਸਾਡੀ ਵੈੱਬਸਾਈਟ 'ਤੇ ਔਨਲਾਈਨ ਫਾਰਮ ਭਰ ਸਕਦੇ ਹੋ, ਸਿਫਾਰਸ਼ ਫਾਰਮ ਨੂੰ ਸਾਡੀ ਵੈੱਬਸਾਈਟ ਤੋਂ ਡਾਊਨਲੋਡ ਕਰ ਸਕਦੇ ਹੋ ਅਤੇ ਇਸ ਨੂੰ iam@newhorizons.org.au ਨੂੰ ਈਮੇਲ ਕਰ ਸਕਦੇ ਹੋ, ਜਾਂ ਫਿਰ ਹੇਠਾਂ ਦਿੱਤੇ QR ਕੋਡ ਰਾਹੀਂ ਸਾਡੇ ਔਨਲਾਈਨ ਫਾਰਮ ਨੂੰ ਭਰੋ।

ਇੱਥੇ ਬੱਚਿਆਂ ਅਤੇ ਜਵਾਨ ਲੋਕਾਂ ਵਾਸਤੇ ਸਹਾਇਤਾ ਹਮੇਸ਼ਾਂ ਹਾਜ਼ਰ ਰਹਿੰਦੀ ਹੈ